ਮਿਤੀ 23.12.2015 ਨੂੰ ਮਾਨਯੋਗ ਸ਼੍ਰੀ ਚੁੰਨੀ ਲਾਲ ਭਗਤ, ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 19ਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ।

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 19ਵੀਂ ਮੀਟਿੰਗ,ਮਾਨਯੋਗ ਸ੍ਰੀ ਚੁੰਨੀ ਲਾਲ ਭਗਤ, ਚੇਅਰਮੈਨ ਬੋਰਡ-ਕਮ-ਕਿਰਤ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 23.12.2015 ਨੂੰ ਸਮਾਂ 12.30 ਵਜੇ (ਦੁਪਹਿਰ) ਸਰਕਟ ਹਾਊਸ, ਸੈਕਟਰ 39, ਚੰਡੀਗੜ੍ਹ ਵਿਖੇ ਹੋਈ।ਮੀਟਿੰਗ ਵਿੱਚ ਉਪਸਥਿਤ ਮੈਂਬਰਾਂ/ਪ੍ਰਤੀਨਿਧਾਂ ਦੇ ਨਾਮ **ਅਨੁਲੱਗ 'ੳ'** ਵਿੱਚ ਦਰਜ ਕੀਤੇ ਗਏ ਹਨ।

ਮੀਟਿੰਗ ਦੇ ਅਰੰਭ ਵਿੱਚ ਸ੍ਰੀ ਤੇਜਿੰਦਰ ਸਿੰਘ ਧਾਲੀਵਾਲ, ਆਈ.ਏ.ਐਸ, ਕਿਰਤ ਕਮਿਸ਼ਨਰ ਪੰਜਾਬ-ਕਮ-ਸਕੱਤਰ ਬੋਰਡ ਵਲੋਂ ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਬੋਰਡ ਜੀ ਨੂੰ ਅਤੇ ਬਾਕੀ ਮੈਂਬਰ ਸਾਹਿਬਾਨ ਨੂੰ "ਜੀ ਆਇਆਂ" ਆਖਿਆ ਗਿਆ। ਮੈਂਬਰ ਸਕੱਤਰ ਵਲੋਂ ਮੀਟਿੰਗ ਵਿੱਚ ਉਪਸਥਿਤ ਮੈਂਬਰਾਂ/ਪ੍ਰਤਿਨਿਧੀਆਂ ਨਾਲ ਜਾਣ ਪਹਿਚਾਣ ਕਰਵਾਉਣ ਤੋਂ ਬਾਦ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਆਰੰਭ ਹੋਈ। ਮੈਂਬਰ ਸਕੱਤਰ ਵਲੋਂ ਮੀਟਿੰਗ ਦੇ ਵੱਖ-ਵੱਖ ਅਜੰਡਿਆਂ ਬਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿਤੀ ਗਈ, ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

ਆਈਟਮ ਨੰ:1 ਬੋਰਡ ਦੀ 18ਵੀਂ ਮੀਟਿੰਗ ਮਿਤੀ 14.10.2015 ਦੀ ਕਾਰਵਾਈ ਦੀ ਪੁਸ਼ਟੀ।

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 14.10.2015 ਨੂੰ ਹੋਈ 18ਵੀਂ ਮੀਟਿੰਗ ਦੀ ਕਾਰਵਾਈ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ:ਬਕਵਵਬ/ਮੀਟਿੰਗ/2015-16/6284-6298 ਮਿਤੀ 2.11.2015 ਰਾਹੀਂ ਭੇਜ ਦਿਤੀ ਗਈ ਸੀ, ਜਿਸ ਬਾਰੇ ਕਿਸੇ ਮੈਂਬਰ ਪਾਸੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ। ਇਸ ਅਨੁਸਾਰ ਬੋਰਡ ਵਲੋਂ 18ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

ਆਈਟਮ ਨੰ:2 ਬੋਰਡ ਦੀ 18ਵੀਂ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।

ਮੈਂਬਰ ਸਕੱਤਰ ਵਲੋਂ ਬੋਰਡ ਦੀ 18ਵੀਂ ਮੀਟਿੰਗ ਸਬੰਧੀ ਆਈਟਮ ਵਾਈਜ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿਚ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿਤੀ ਗਈ। ਮੈਂਬਰ ਸਾਹਿਬਾਨ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਆਈਟਮ ਵਿਚ ਹੇਠ ਲਿਖੀਆਂ ਮੱਦਾਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਮੁੜ ਫੈਸਲੇ ਲਏ ਗਏ:-

12ਵੀਂ ਮੀਟਿੰਗ ਅਜੰਡਾ ਆਈਟਮ ਨੰ: 8 **ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਤੱਕ ਪੜ੍ਹਾਈ ਦੌਰਾਨ ਸਾਈਕਲ ਦੀ ਖ੍ਰੀਦ ਲਈ ਸਾਈਕਲ ਸਕੀਮ।**

ਬੋਰਡ ਦੀ ਸਾਈਕਲ ਸਕੀਮ ਅਧੀਨ ਬੋਰਡ ਵਲੋਂ ਸਾਈਕਲਾਂ ਦੀ ਖ੍ਰੀਦ ਕੰਟੋਲਰ ਆਫ ਸਟੋਰ ਪੰਜਾਬ ਰਾਹੀਂ ਕਰਨ ਦੀ ਪ੍ਰਕ੍ਰਿਆ ਸਬੰਧੀ ਮੈਂਬਰ ਸਾਹਿਬਾਨ ਵਲੋਂ ਸੰਤੁਸ਼ਟੀ ਪ੍ਰਗਟ ਕੀਤੀ ਗਈ ਅਤੇ ਕਿਹਾ ਕਿ

ਸਾਈਕਲਾਂ ਦੀ ਦਰ ਠੇਕਾ ਨਿਰਧਾਰਿਤ ਹੋਣ ਉਪਰੰਤ ਸਾਈਕਲਾਂ ਦੀ ਖ਼ਰੀਦ ਕਰਕੇ ਬੱਚਿਆਂ ਨੂੰ ਸਾਈਕਲ ਵੰਡਣ ਦੀ ਕਾਰਵਾਈ ਅਰੰਭ ਕੀਤੀ ਜਾਵੇ।

15ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮ ਨੰ: 2

Recognition of Prior Learning (RPL) ਦੇ concept ਨੂੰ ਆਧਾਰ ਮੰਨਦੇ ਹੋਏ ਪਹਿਲਾਂ ਪ੍ਰਵਾਨਤ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਅਪਗ੍ਰੇਡੇਸ਼ਨ ਅਤੇ ਉਨ੍ਹਾਂ ਦੇ ਬੱਚਿਆਂ ਲਈ ਵੋਕੇਸ਼ਨਲ ਐਜੂਕੇਸ਼ਨਸਕੀਮ ਵਿੱਚ ਸੋਧ ਕਰਨ ਅਤੇ ਸਕੀਮ ਦੇ latest status ਬਾਰੇ।

ਸਕਿਲ ਡਿਵੈਲਪਮੈਂਟ ਮਿਸ਼ਨ ਦੁਆਰਾ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਪਹਿਲੇ ਪੜਾਅ ਵਿੱਚ ਮਿਤੀ 1.1.2016 ਤੋਂ 30 ਸਾਈਟਾਂ ਤੇ ਅਤੇ ਦੂਜੇ ਪੜਾਅ ਵਿੱਚ ਮਿਤੀ 1.3.2016 ਤੋਂ ਅਗਲੀਆਂ ਹੋਰ 30 ਸਾਈਟਾਂ ਤੇ ਆਰ.ਪੀ.ਐਲ ਟ੍ਰੇਨਿੰਗ ਦੇਣ ਸਬੰਧੀ ਫੈਸਲੇ ਨੂੰ ਮੈਂਬਰ ਸਾਹਿਬਾਨ ਵਲੋਂ ਸ਼ਲਾਘਾਯੋਗ ਕਦਮ ਦੱਸਿਆ। ਸਕੱਤਰ ਬੋਰਡ ਵਲੋਂ ਇਹ ਵੀ ਦੱਸਿਆ ਗਿਆ ਕਿ ਉਨ੍ਹਾਂ ਨੇ ਸ੍ਰੀ ਰਾਕੇਸ਼ ਵਰਮਾ, ਆਈ.ਏ.ਐਸ, ਸਕੱਤਰ ਸਕਿਲ ਡਿਵੈਲਪਮੈਂਟ ਮਿਸ਼ਨ ਨਾਲ ਇਸ ਵਿਸ਼ੇ ਸਬੰਧੀ ਟੈਲੀਫੋਨ ਤੇ ਗੱਲ ਵੀ ਕੀਤੀ ਹੈ ਅਤੇ ਉਨ੍ਹਾਂ ਨੂੰ ਕੁੱਲ 182 ਸਾਈਟਾਂ ਦੀ ਸੂਚੀ ਭੇਜ਼ ਦਿਤੀ ਗਈ ਹੈ ਜਿਨ੍ਹਾਂ ਵਿਚ 18855 ਲਾਭਪਾਤਰੀ ਕਿਰਤੀ ਕੰਮ ਕਰਦੇ ਹਨ। ਮੌਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਜੇਕਰ ਲੋੜ ਹੋਵੇ ਤਾਂ ਇਸ ਸਕੀਮ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਾਉਣ ਲਈ ਉਨ੍ਹਾਂ ਵਲੋਂ ਪ੍ਰਮੁੱਖ ਸਕੱਤਰ, ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਨੂੰ ਅ.ਸ. ਪੱਤਰ ਲਿਖਵਾਇਆ ਜਾਵੇ।

17ਵੀਂ ਮੀਟਿੰਗ ਅਜੰਡਾ ਆਈਟਮ ਨੰ: 6

ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਰਾਜ ਦੇ ਚਾਰ ਸ਼ਹਿਰਾਂ ਵਿੱਚ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਕਰਨ ਬਾਰੇ।

ਪੰਜਾਬ ਪੁਲਿਸ ਹਾਉਸਿੰਗ ਕਾਰਪੋਰੇਸ਼ਨ ਦੇ ਨੁਮਾਇੰਦੇ ਵਲੋਂ ਮੀਟਿੰਗ ਦੋਰਾਨ ਦੱਸਿਆ ਗਿਆ ਕਿ ਸਕਿਲ ਡਿਵੈਲਪਮੈਂਟ ਸੈਂਟਰ ਅੰਮ੍ਰਿਤਸਰ ਦੀ ਉਸਾਰੀ ਦਾ ਕੰਮ ਉਨ੍ਹਾਂ ਵਲੋਂ ਅਰੰਭ ਕਰ ਦਿਤਾ ਗਿਆ ਹੈ ਅਤੇ ਨੀਹਾਂ ਦੀ ਪੁਟਾਈ ਦਾ ਕੰਮ ਚਲ ਰਿਹਾ ਹੈ। ਜਲੰਧਰ ਵਿਖੇ ਇਸ ਮੰਤਵ ਲਈ ਖ਼ਰੀਦ ਕੀਤੀ ਜਾਣ ਵਾਲੀ ਜਗ੍ਹਾ ਬਾਰੇ ਮੁੱਖ ਪ੍ਰਸ਼ਾਸਕ ਜੇ.ਡੀ.ਏ ਨਾਲ ਚਲ ਰਹੀ ਗੱਲਬਾਤ ਬਾਰੇ ਮੈਂਬਰ ਸਕੱਤਰ ਵਲੋਂ ਬੋਰਡ ਨੂੰ ਜਾਣੂੰ ਕਰਵਾਇਆ ਗਿਆ ਅਤੇ ਦੱਸਿਆ ਕਿ ਪੁੱਡਾ ਵਲੋਂ ਪ੍ਰਸਤਾਵਿਤ ਸਾਈਟ ਦਾ ਲੈਂਡ ਯੂਜ਼ ਕਮਰਸ਼ਿਅਲ ਤੋਂ ਇੰਸਟੀਚਿਉਸ਼ਨਲ ਤਬਦੀਲ ਕਰਕੇ ਬੋਰਡ ਨੂੰ ਘੱਟ ਰੇਟ ਤੇ ਜਗ੍ਹਾ ਜਲਦੀ ਹੀ ਅਲਾਟ ਕਰ ਦਿਤੀ ਜਾਵੇਗੀ। ਵਿਚਾਰ ਵਟਾਂਦਰੇ ਦੋਰਾਨ ਪੁਲਿਸ ਹਾਉਸਿੰਗ ਕਾਰਪੋਰੇਸ਼ਨ ਦੇ ਪ੍ਰਤਿਨਿਧ ਵਲੋਂ ਦੱਸਿਆ ਗਿਆ ਕਿ ਜਲੰਧਰ ਵਿਖੇ ਪ੍ਰਸਤਾਵਿਤ ਸਾਈਟ ਵਿੱਚ 10-12 ਫੁੱਟ ਮਲਬਾ ਦੱਬਿਆ ਹੋਇਆ ਹੈ ਅਤੇ ਇਸ ਥਾਂ ਤੇ ਬਿਲਡਿੰਗ ਦੀ ਉਸਾਰੀ ਕਰਨ ਲਈ ਸਾਰਾ ਮਲਬਾ ਕੱਢਣਾ ਪਵੇਗਾ ਜਿਸ ਤੇ ਅੰਦਾਜਨ ਇਕ ਕਰੋੜ ਰੁਪਏ ਪਰਚਾ ਆ ਸਕਦਾ ਹੈ। ਮੌਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਜੇਕਰ ਜਗ੍ਹਾ ਦੀ ਖੁਦਾਈ ਕਰਕੇ ਮਲਬਾ ਕੱਢਣ ਵਿੱਚ ਇਕ ਕਰੋੜ ਰੁਪਏ ਤੱਕ ਖਰਚਾ ਆਉਂਦਾ ਵੀ ਹੈ ਤਾਂ ਵੀ ਇਸ ਵਿੱਚ ਕੋਈ ਇਤਰਾਜ ਨਹੀਂ ਹੋਣਾ ਚਾਹੀਦਾ ਕਿਉਂਕਿ ਖੁਦਾਈ ਉਪਰੰਤ ਉਸ ਵਿੱਚ ਬੇਸਮੈਂਟ ਬਣਾਈ ਜਾ ਸਕਦੀ ਹੈ। ਮੈਂਬਰ ਸਾਹਿਬਾਨ ਵਲੋਂ ਵਿਚਾਰ ਵਟਾਂਦਰੇ ਉਪਰੰਤ ਇਸ ਸਾਈਟ ਦੀ ਖ਼ਰੀਦ ਕਰਨ ਉਪਰੰਤ ਬੇਸਮੈਂਟ ਸਹਿਤ ਬਿਲਡਿੰਗ ਬਨਾਉਣ ਦੀ ਪ੍ਰਵਾਨਗੀ ਦਿਤੀ ਗਈ।

17ਵੀਂ ਮੀਟਿੰਗ
ਅਜੰਡਾ ਆਈਟਮ
ਨੰ: 9

ਰਾਜ ਵਿੱਚ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਉਸਾਰੀ ਸਬੰਧੀ ਮੋਜੂਦਾ ਸਥਿਤੀ ਬਾਰੇ।

ਮੈਂਬਰ ਸਕੱਤਰ ਜੀ ਵਲੋਂ ਦੱਸਿਆ ਗਿਆ ਕਿ ਬੋਰਡ ਦੇ ਫੈਸਲੇ ਅਨੁਸਾਰ ਸਥਾਨਕ ਸਰਕਾਰ ਵਿਭਾਗ, ਲੋਕ ਨਿਰਮਾਣ ਵਿਭਾਗ ਅਤੇ ਪੰਜਾਬ ਪੁਲਿਸ ਹਾਉਸਿੰਗ ਕਾਰਪੋਰੇਸ਼ਨ ਨੂੰ ਲਿਖਿਆ ਗਿਆ ਹੈ ਕਿ ਉਹ ਮਿਤੀ 31.12.2015 ਤੱਕ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਉਸਾਰੀ ਦਾ ਕੰਮ ਮੁਕੰਮਲ ਕਰਵਾਉਣ। ਮੀਟਿੰਗ ਦੋਰਾਨ ਪੰਜਾਬ ਪੁਲਿਸ ਹਾਉਸਿੰਗ ਕਾਰਪੋਰੇਸ਼ਨ ਦੇ ਨਿਗਰਾਨ ਇੰਜੀਨੀਅਰ ਵਲੋਂ ਦੱਸਿਆ ਗਿਆ ਹੈ ਕਿ ਉਨ੍ਹਾਂ ਨੂੰ 14 ਸਾਈਟਾਂ ਅਲਾਟ ਕੀਤੀਆਂ ਗਈਆਂ ਸਨ ਅਤੇ ਉਨ੍ਹਾਂ ਵਲੋਂ 7 ਸਾਈਟਾਂ ਤੇ ਕੰਮ ਸ਼ੁਰੂ ਕੀਤਾ ਗਿਆ ਜਿਨ੍ਹਾਂ ਵਿਚੋਂ 3 ਸਾਈਟਾਂ ਫਾਜਿਲਕਾ, ਮੁਹਾਲੀ ਅਤੇ ਲਹਿਰਾਗਾਗਾ ਤੇ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ 4 ਸਾਈਟਾਂ ਤੇ ਕੰਮ ਮੁਕੰਮਲ ਹੋਣ ਵਾਲਾ ਹੈ। ਮੈਂਬਰ ਸਾਹਿਬਾਨ ਵਲੋਂ ਇਸ ਨਾਲ ਸੰਤੁਸ਼ਟੀ ਪ੍ਰਗਟ ਕੀਤੀ ਗਈ ਅਤੇ ਕਿਹਾ ਕਿ ਜਿਹੜੀਆਂ ਸਾਈਟਾਂ ਤੇ ਕੰਮ ਸ਼ੁਰੂ ਨਹੀਂ ਹੋ ਸਕਿਆ ਉਨ੍ਹਾਂ ਦਾ ਬਦਲਵਾਂ ਇੰਤਜਾਮ ਕਰਨ ਲਈ ਸਥਾਨਕ ਸਰਕਾਰ ਵਿਭਾਗ ਨਾਲ ਤਾਲਮੇਲ ਕੀਤਾ ਜਾਵੇ।

18ਵੀਂ ਮੀਟਿੰਗ
ਅਜੰਡਾ ਆਈਟਮ
ਨੰ:3

ਮਿਤੀ 1.4.2015 ਤੋਂ 30.9.2015 (ਵਿੱਤੀ ਸਾਲ 2015-16) ਦੋਰਾਨ ਬੋਰਡ ਦੇ ਆਮਦਨ ਅਤੇ ਖਰਚੇ ਦੀ ਸਥਿਤੀ।

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੇ ਖੇਤਰੀ ਅਧਿਕਾਰੀਆਂ ਵਲੋਂ ਸਪੈਸ਼ਲ ਕੰਪੈਨ ਚਲਾਕੇ ਮਿਤੀ 17.10.2015 ਤੋਂ 6.11.2015 ਤੱਕ ਦੇ ਸਮੇਂ ਦੋਰਾਨ 26110 ਉਸਾਰੀ ਕਿਰਤੀ ਰਜਿਸਟਰ ਕੀਤੇ ਗਏ ਅਤੇ ਰਜਿਸਟਰ ਕਿਰਤੀਆਂ ਪਾਸੋਂ ਵੱਖ-ਵੱਖ ਭਲਾਈ ਸਕੀਮਾਂ ਅਧੀਨ 15892 ਅਰਜੀਆਂ ਪ੍ਰਾਪਤ ਕਰਕੇ ਉਨ੍ਹਾਂ ਨੂੰ 16.92 ਕਰੋੜ ਰੁਪਏ ਦੀ ਰਾਸ਼ੀ ਮਨਜੂਰ ਕੀਤੀ ਗਈ। ਮੋਕੇ ਤੇ ਮੈਂਬਰ ਸਕੱਤਰ ਵਲੋਂ ਇਹ ਵੀ ਦੱਸਿਆ ਗਿਆ ਕਿ ਖੇਤਰੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਕਿਰਤੀਆਂ ਦੀ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਅਧੀਨ ਅਰਜੀਆਂ ਭਰਵਾਉਣ ਲਈ ਕੈਂਪ ਲਗਾਉਣ ਵੇਲੇ ਜਿਲ੍ਹਾ ਲੀਗਲ ਸਰਵਿਸ ਅਥਾਰਟੀ ਦਾ ਵੀ ਸਹਿਯੋਗ ਲਿਆ ਜਾਵੇ। ਮੈਂਬਰ ਸਾਹਿਬਾਨ ਵਲੋਂ ਬੋਰਡ ਦੀ ਕਾਰਗੁਜਾਰੀ ਨਾਲ ਸੰਤੁਸ਼ਟੀ ਪ੍ਰਗਟ ਕੀਤੀ ਗਈ।

ਅਜੰਡਾ ਆਈਟਮ
ਨੰ:3

ਮਿਤੀ 1.4.2015 ਤੋਂ 30.11.2015 (ਵਿੱਤੀ ਸਾਲ 2015-16) ਦੋਰਾਨ ਬੋਰਡ ਦੇ ਆਮਦਨ ਅਤੇ ਖਰਚੇ ਦੀ ਸਥਿਤੀ।

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਮਿਨੀਮਮ ਨਿਰਧਾਰਤ ਰਾਸ਼ੀ ਤੋਂ ਵੱਧ ਕੋਈ ਰਾਸ਼ੀ ਬੋਰਡ ਦੇ ਸੇਵਿੰਗ ਖਾਤਿਆਂ ਵਿੱਚ ਨਹੀਂ ਰੱਖੀ ਜਾਣੀ ਚਾਹੀਦੀ ਅਤੇ ਬੈਂਕ ਵਲੋਂ ਬੋਰਡ ਨੂੰ ਆਟੋ ਸਵੀਪ ਸੁਵਿਧਾ ਦੇਣੀ ਚਾਹੀਦੀ ਹੈ। ਮੋਕੇ ਤੇ ਮੈਂਬਰ ਸਕੱਤਰ ਵਲੋਂ ਜਾਣੂੰ ਕਰਵਾਇਆ ਗਿਆ ਕਿ ਬੋਰਡ ਦੇ ਸੇਵਿੰਗ ਖਾਤੇ ਤਿੰਨ ਬੈਂਕਾਂ- ਪੀ.ਐਨ.ਬੀ. ਸੈਕਟਰ 22-ਬੀ ਚੰਡੀਗੜ੍ਹ, ਸਟੇਟ ਬੈਂਕ ਆਫ ਪਟਿਆਲਾ ਸੈਕਟਰ 34 ਚੰਡੀਗੜ੍ਹ ਅਤੇ ਬੈਂਕ ਆਫ ਮਹਾਰਾਸ਼ਟਰਾ ਸੈਕਟਰ 17 ਚੰਡੀਗੜ੍ਹ ਵਿੱਚ ਹਨ ਅਤੇ ਇਨ੍ਹਾਂ ਬੈਂਕਾਂ ਵਲੋਂ ਬੋਰਡ ਨੂੰ ਪਹਿਲਾਂ ਹੀ ਆਟੋ ਸਵੀਪ ਸੁਵਿਧਾ ਉਪਲਬਧ ਕਰਵਾਈ ਜਾ ਰਹੀ ਹੈ। ਬੋਰਡ ਵਲੋਂ ਇਸ ਨਾਲ ਸੰਤੁਸ਼ਟੀ ਪ੍ਰਗਟ ਕੀਤੀ ਗਈ।

ਅਜੰਡਾ ਆਈਟਮ ਨੰ: 4 — **ਬੋਰਡ ਦੀ ਸਾਲ 2014–15 ਦੀ ਅਸਲ ਪ੍ਰਾਪਤੀ ਅਤੇ ਖਰਚਾ, ਸਾਲ 2015–16 ਦਾ ਸੋਧਿਆ ਬੱਜਟ ਅਤੇ ਸਾਲ 2016–2017 ਦਾ ਅਨੁਮਾਨਤ ਬੱਜਟ ਪ੍ਰਵਾਨ ਕਰਵਾਉਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਬੋਰਡ ਦੀ ਸਾਲ 2014–15 ਦੀ ਅਸਲ ਪ੍ਰਾਪਤੀ ਅਤੇ ਖਰਚਾ, ਸਾਲ 2015–16 ਦਾ ਸੋਧਿਆ ਬੱਜਟ ਅਤੇ ਸਾਲ 2016–17 ਦਾ ਅਨੁਮਾਨਤ ਬੱਜਟ **ਅਨੁਲੱਗ 'ਅ'** ਅਨੁਸਾਰ ਪ੍ਰਵਾਨ ਕੀਤਾ ਗਿਆ।

ਅਜੰਡਾ ਆਈਟਮ ਨੰ:5 — **ਬੋਰਡ ਦੇ ਐਡਵਾਈਜ਼ਰ ਦਾ ਵਾਧੂ ਕਾਰਜ-ਭਾਰ ਇਕ ਅਧਿਕਾਰੀ ਨੂੰ ਸੌਂਪਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਤਾਂ ਪਹਿਲਾਂ ਸਕੱਤਰ ਬੋਰਡ ਵਲੋਂ ਦੱਸਿਆ ਗਿਆ ਕਿ ਸ੍ਰੀ ਹਰੀਸ਼ ਨੈਯਰ, ਵਧੀਕ ਕਿਰਤ ਕਮਿਸ਼ਨਰ ਜ਼ੋਕਿ ਬੋਰਡ ਦੇ ਸਲਾਹਕਾਰ ਹਨ, ਦੀ ਬਤੌਰ ਆਈ.ਏ.ਐਸ ਸਿਲੈਕਸ਼ਨ ਹੋ ਗਈ ਹੈ, ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਮੌਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਉਹ ਸ੍ਰੀ ਨੈਯਰ ਦੀ ਆਪਣੇ ਆਈ.ਏ.ਐਸ ਕੈਡਰ ਵਿੱਚ ਸਿਲੈਕਸ਼ਨ ਹੋਣ ਲਈ ਉਨ੍ਹਾਂ ਨੂੰ welcome ਕਰਦੇ ਹਨ। ਸਾਰੇ ਮੈਂਬਰ ਸਾਹਿਬਾਨ ਵਲੋਂ ਸ੍ਰੀ ਹਰੀਸ਼ ਨੈਯਰ ਨੂੰ ਵਧਾਈ ਦਿਤੀ ਗਈ, ਜਿਸ ਬਾਰੇ ਸ੍ਰੀ ਨੈਯਰ ਵਲੋਂ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਗਿਆ।

ਇਸ ਤੋਂ ਬਾਦ ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਤਜਵੀਜ ਅਨੁਸਾਰ ਬੋਰਡ ਦੇ ਸਲਾਹਕਾਰ ਦਾ ਸਾਰਾ ਕੰਮ ਵਧੀਕ ਡਾਇਰੈਕਟਰ ਆਫ ਫੈਕਟਰੀਜ਼ ਪੰਜਾਬ ਨੂੰ ਦੇਣ ਦੀ ਪ੍ਰਵਾਨਗੀ ਦਿਤੀ ਗਈ।

ਅਜੰਡਾ ਆਈਟਮ ਨੰ: 6 — **ਪੰਜਾਬ ਬਿਲਡਿੰਗ ਐਂਡ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਚਾਲੂ ਕਰਨ ਬਾਰੇ।**

ਇਸ ਅਜੰਡਾ ਆਈਟਮ ਸਬੰਧੀ ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਵਲੋਂ ਆਪਣੀ 16ਵੀਂ ਮੀਟਿੰਗ ਮਿਤੀ 30.3.2015 ਵਿੱਚ ਲਏ ਫੈਸਲੇ ਅਨੁਸਾਰ ਇਕ ਪਰਿਵਾਰ (1+4 ਪਰਿਵਾਰਕ ਮੈਂਬਰ) ਲਈ ਸਾਲਾਨਾ 50,000/– ਰੁਪਏ ਦੇ ਮੁਫਤ ਇਲਾਜ ਵਾਸਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੀ Health Assurance mode ਅਧੀਨ ਸਕੀਮ ਅਡਾਪਟ ਕੀਤੀ ਗਈ ਸੀ, ਜਿਸਦੇ ਤਹਿਤ 750/– ਰੁਪਏ ਪ੍ਰਤੀ ਲਾਭਪਾਤਰੀ ਪ੍ਰਿਮੀਅਮ ਦੇ ਹਿਸਾਬ ਨਾਲ ਕੁੱਲ ਰਾਸ਼ੀ ਦਾ 50% ਜ਼ੋਕਿ 5,70,28,500/– ਰੁਪਏ ਬਣਦੀ ਸੀ, ਜਮ੍ਹਾਂ ਕਰਵਾ ਦਿਤੀ ਗਈ ਸੀ। ਲੇਕਿਨ ਹਾਲਾਂ ਤੱਕ ਉਹ ਸਕੀਮ ਚਾਲੂ ਨਹੀਂ ਹੋਈ।

ਮੈਂਬਰ ਸਕੱਤਰ ਵਲੋਂ ਅੱਗੇ ਦੱਸਿਆ ਗਿਆ ਕਿ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ Health Assurance mode ਤੋਂ Insurance mode ਤੇ ਵਾਪਸ ਪਰਤ ਰਹੀ ਹੈ ਅਤੇ ਉਸਾਰੀ ਕਿਰਤੀਆਂ ਲਈ **ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ** ਅਧੀਨ 50,000/– ਰੁਪਏ ਦੇ ਸਾਲਾਨਾ ਬੀਮਾ ਕਵਰ ਦੇ ਨਾਲ ਐਕਸੀਡੈਂਟਲ ਡੈਥ ਜਾਂ ਅਪੰਗਤਾ (100%) ਦੀ ਸੂਰਤ ਵਿੱਚ 5.00 ਲੱਖ ਰੁਪਏ ਦੀ ਬੀਮਾ ਰਾਸ਼ੀ ਦੀ ਵੀ ਤਜਵੀਜ ਦਿਤੀ ਗਈ ਹੈ। ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਉਸਾਰੀ ਕਿਰਤੀ ਅਤੇ ਉਸਦੇ ਪਰਿਵਾਰ (1+4 ਕੁੱਲ 5 ਜੀਅ) ਲਈ ਪੰਜਾਬ ਹੈਲਥ ਸਿਸਟਮ

ਕਾਰਪੋਰੇਸ਼ਨ ਦੀ **ਭਗਤ ਪੂਰਣ ਸਿੰਘ ਸਿਹਤ ਬੀਮਾ ਯੋਜਨਾ** ਅਧੀਨ 50,000/- ਰੁਪਏ ਪ੍ਰਤੀ ਸਾਲ ਬੀਮਾ ਕਵਰ ਦੇ ਨਾਲ ਨਾਲ 5.00 ਲੱਖ ਰੁਪਏ ਦੀ ਐਕਸੀਡੈਂਟਲ ਡੈਥ ਜਾਂ ਅਪੰਗਤਾ (100%) ਸਕੀਮ ਨੂੰ adopt ਕਰਨ ਦੀ ਪ੍ਰਵਾਨਗੀ ਦਿਤੀ ਗਈ। ਇਸ ਦੇ ਨਾਲ ਹੀ ਬੋਰਡ ਵਲੋਂ ਇਹ ਵੀ ਕਿਹਾ ਗਿਆ ਕਿ ਜਦੋਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੀ ਇਹ ਸਕੀਮ ਲਾਗੂ ਹੋ ਜਾਵੇਗੀ ਤਾਂ ਬੋਰਡ ਦੀ ਮੋਜੂਦਾ ਐਕਸਗ੍ਰੇਸੀਆ ਸਕੀਮ ਵਿਚੋਂ ਐਕਸੀਡੈਂਟ/ਪੂਰਨ ਅਪੰਗਤਾ ਦੀ ਸੂਰਤ ਵਿੱਚ ਦਿਤੀ ਜਾ ਰਹੀ 4.00 ਲੱਖ ਰੁਪਏ ਦੀ ਰਾਸੀ ਵਾਲੀ ਸਕੀਮ ਆਪ-ਮੁਹਾਰੇ ਬੰਦ ਹੋਈ ਸਮਝੀ ਜਾਵੇ।

ਅਜੰਡਾ ਆਈਟਮ ਨੰ: 7 **ਬੋਰਡ ਦੇ ਰਜਿਸਟਰਡ ਉਸਾਰੀ ਕਿਰਤੀਆਂ ਨੂੰ ਮੁਫਤ ਡੈਂਚਰ ਲਗਵਾਉਣ ਲਈ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਮੋਹਾਲੀ ਨੂੰ ਫੰਡਜ਼ ਉਪਲਬਧ ਕਰਾਉਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਜੇਕਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਲੋਂ ਸਪੈਸ਼ਲ ਮੁਹਿੰਮ ਚਲਾਕੇ ਰਜਿਸਟਰਡ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪ੍ਰੀਵਾਰਕ ਮੈਂਬਰਾਂ ਦੇ ਡੈਂਚਰ ਲਗਾਏ ਜਾਂਦੇ ਹਨ ਤਾਂ ਉਨ੍ਹਾਂ ਨੂੰ ਮੁੱਢਲੀ ਪੱਧਰ ਤੇ 10.00 ਲੱਖ ਰੁਪਏ ਦੀ ਰਾਸ਼ੀ ਬਤੋਰ ਐਡਵਾਂਸ ਦੇ ਦਿਤੀ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਨੂੰ ਇਹ ਵੀ ਸਪਸ਼ਟ ਕੀਤਾ ਜਾਵੇ ਕਿ ਕੇਵਲ ਉਹ ਕੰਸਟ੍ਰਕਸ਼ਨ ਵਰਕਰਜ਼ ਹੀ ਇਸ ਸਕੀਮ ਅਧੀਨ ਲਾਭ ਲੈਣ ਦੇ ਹੱਕਦਾਰ ਹੋਣਗੇ ਜਿਹੜੇ ਬੋਰਡ ਦੇ ਲਾਭਪਾਤਰੀ ਵਜੋਂ ਰਜਿਸਟਰਡ ਹੋਣ ਅਤੇ ਬੋਰਡ ਦੀ ਸਕੀਮ ਅਧੀਨ ਪ੍ਰਵਾਨਤ ਸ਼ਰਤਾਂ ਪੂਰੀਆਂ ਕਰਦੇ ਹੋਣ। ਬੋਰਡ ਵਲੋਂ ਇਹ ਵੀ ਆਦੇਸ਼ ਦਿਤੇ ਗਏ ਕਿ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਲੋਂ ਜਿਨ੍ਹਾਂ ਰਜਿਸਟਰਡ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਡੈਂਚਰ ਲਗਾਏ ਗਏ ਹਨ, ਉਨ੍ਹਾਂ ਦਾ ਮੁਕੰਮਲ ਡਾਟਾ ਮੰਗਵਾਇਆ ਜਾਵੇ ਤਾਂ ਜ਼ੋ ਕਿਸੇ ਸਟੇਜ਼ ਤੇ ਇਸ ਪੇਮੈਂਟ ਬਾਰੇ "ਮਹਾਲੇਖਾਕਾਰ ਪੰਜਾਬ" ਵਲੋਂ ਕੋਈ ਆਡਿਟ ਇਤਰਾਜ ਨਾ ਉਠਾਇਆ ਜਾ ਸਕੇ। ਬੋਰਡ ਵਲੋਂ ਇਸ ਸਬੰਧੀ ਪੀ.ਐਚ.ਐਸ.ਸੀ ਨਾਲ ਸਕੱਤਰ ਬੋਰਡ ਦੀ ਪੱਧਰ ਤੇ MoU ਕਰਨ ਲਈ ਵੀ ਕਿਹਾ ਗਿਆ।

ਅਜੰਡਾ ਆਈਟਮ ਨੰ:8 **ਬੋਰਡ ਵਲੋਂ ਬਣਾਏ ਗਏ ਲੇਬਰ ਸੈਡ ਕਮ ਨਾਈਟ ਸੈਲਟਰਾਂ ਦੀ ਸਾਂਭ ਸੰਭਾਲ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਨੈਸ਼ਨਲ ਅਰਬਨ ਲਿਵਲੀਹੁਡ ਮਿਸ਼ਨ, ਭਾਰਤ ਸਰਕਾਰ ਦੁਆਰਾ ਸ਼ਹਿਰਾਂ ਵਿੱਚ ਰਹਿ ਰਹੇ ਬੇਘਰੇ ਲੋਕਾਂ ਲਈ ਨਾਈਟ ਸ਼ੈਲਟਰ ਬਣਾਉਣ ਅਤੇ ਉਨ੍ਹਾਂ ਦੇ ਰੱਖ-ਰਖਾਵ ਲਈ ਜਾਰੀ ਕੀਤੀਆਂ ਗਾਈਡ ਲਾਈਨਜ਼ ਨੂੰ ਮੁੱਖ ਰੱਖਦੇ ਹੋਏ ਬੋਰਡ ਵਲੋਂ ਉਸਾਰੇ ਗਏ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦਾ ਰੱਖ-ਰਖਾਵ ਕਰਨ ਲਈ ਹੇਠ ਲਿਖੀਆਂ ਮੱਦਾਂ ਤੇ ਖਰਚਾ ਕਰਨ ਵਾਸਤੇ ਪ੍ਰਤੀ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਲਈ 6.00 ਲੱਖ ਰੁਪਏ ਪ੍ਰਤੀ ਸਾਲ ਦੇ ਹਿਸਾਬ ਨਾਲ ਪ੍ਰਵਾਨਗੀ ਦਿਤੀ ਗਈ:-

S.No.	Expenditure Heads	Details
1	Annual Maintenance Cost per Labour shed-cum-Night Shelter	Includes expenditure for electricity and other misc. expenses.
2	Staff salary	Includes 3 caregivers in 8 hour shifts and 1 full time manager.

ਬੋਰਡ ਵਲੋਂ ਇਹ ਵੀ ਫੈਸਲਾ ਲਿਆ ਗਿਆ ਕਿ ਰਾਜ ਵਿੱਚ ਲੇਬਰ ਸ਼ੈਡ–ਕਮ–ਨਾਈਟ ਸ਼ੈਲਟਰਾਂ ਦੀ ਉਸਾਰੀ ਮੁਕੰਮਲ ਹੋਣ ਉਪਰੰਤ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਵਲੋਂ ਘੱਟੋ-ਘੱਟ ਨਿਰਧਾਰਤ ਮਿਨੀਮਮ ਵੇਜਿਜ਼ ਦੇ ਆਧਾਰ ਤੇ ਉਪਰੋਕਤ ਅਨੁਸਾਰ ਕਰਮਚਾਰੀ ਰੱਖਕੇ ਇਨ੍ਹਾਂ ਲੇਬਰ ਸ਼ੈਡਾਂ ਦੀ ਸਾਂਭ ਸੰਭਾਲ ਕਰਨ ਦਾ ਕੰਮ ਇਸ ਕਾਰਪੋਰੇਸ਼ਨ ਨੂੰ ਦੇ ਦਿਤਾ ਜਾਵੇ।

ਅਜੰਡਾ ਆਈਟਮ ਨੰ:9 **ਸ੍ਰੀ ਬੀਰ ਇੰਦਰਜੀਤ ਸਿੰਘ ਪ੍ਰੋਜੈਕਟ ਡਾਇਰੈਕਟਰ–ਕਮ–ਓ.ਐਸ.ਡੀ ਦੀ ਨਿਯੁਕਤੀ ਦੇ ਸਮੇਂ ਵਿੱਚ ਵਾਧਾ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਸ੍ਰੀ ਬੀਰ ਇੰਦਰਜੀਤ ਸਿੰਘ, ਪ੍ਰੋਜੈਕਟ ਡਾਇਰੈਕਟਰ–ਕਮ–ਓ.ਐਸ.ਡੀ. ਦੀ ਬੋਰਡ ਵਿੱਚ ਨਿਯੁਕਤੀ ਦੇ ਸਮੇਂ ਵਿੱਚ ਮਿਤੀ 29.1.2016 ਤੋਂ ਅੱਗੇ ਹੋਰ ਇਕ ਸਾਲ ਦਾ ਵਾਧਾ ਕਰਨ ਦੀ ਪ੍ਰਵਾਨਗੀ ਦਿਤੀ ਗਈ।

ਅਜੰਡਾ ਆਈਟਮ ਨੰ: 10 **ਸ੍ਰੀ ਸੁਚਾ ਸਿੰਘ ਬਾਂਡੀ ਡਿਪਟੀ ਸਕੱਤਰ ਦੀ ਨਿਯੁਕਤੀ ਵਿਚ ਵਾਧਾ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਸ੍ਰੀ ਸੁਚਾ ਸਿੰਘ ਬਾਂਡੀ, ਡਿਪਟੀ ਸਕੱਤਰ ਦੀ ਬੋਰਡ ਵਿੱਚ ਨਿਯੁਕਤੀ ਦੇ ਸਮੇਂ ਵਿੱਚ ਮਿਤੀ 13.12.2015 ਤੋਂ ਅੱਗੇ ਹੋਰ ਇਕ ਸਾਲ ਦਾ ਵਾਧਾ ਕਰਨ ਦੀ ਪ੍ਰਵਾਨਗੀ ਦਿਤੀ ਗਈ।

ਸਪਲੀਮੈਂਟਰੀ ਅਜੰਡਾ ਆਈਟਮ ਨੰ: 1 **ਬੋਰਡ ਦੀ ਵਜੀਫਾ ਸਕੀਮ ਵਿਚ ਸੋਧ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਮੌਜੂਦਾ ਵਜੀਫਾ ਸਕੀਮ ਵਿੱਚ ਵਜੀਫੇ ਦੀ ਰਕਮ ਅਤੇ ਵਰਦੀ/ਸਟੇਸ਼ਨਰੀ ਭੱਤੇ ਦੀ ਰਕਮ ਅਲਗ–ਅਲਗ ਦਰਸਾਈ ਗਈ ਹੈ ਅਤੇ ਲੜਕੇ/ਲੜਕੀਆਂ ਲਈ ਵਜੀਫੇ ਦੀ ਰਕਮ ਵੀ ਬਰਾਬਰ ਰੱਖੀ ਗਈ ਹੈ। ਲੜਕੀਆਂ ਦੀ ਸਿਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਇਨ੍ਹਾਂ ਨੂੰ ਲੜਕਿਆਂ ਨਾਲੋਂ ਵੱਧ ਵਜੀਫਾ ਦਿਤਾ ਜਾਣਾ ਚਾਹੀਦਾ ਹੈ। ਇਸ ਲਈ ਵਰਦੀ ਅਤੇ ਸਟੇਸ਼ਨਰੀ ਭੱਤੇ ਦੀ ਰਾਸ਼ੀ ਨੂੰ ਵਜੀਫੇ ਵਿੱਚ ਸ਼ਾਮਲ ਕਰਕੇ ਇਸ ਸਕੀਮ ਅਧੀਨ ਵਜੀਫੇ ਦੀਆਂ ਰਕਮਾਂ ਵਿੱਚ ਸੋਧ ਕਰਨ ਦੀ ਤਜਵੀਜ ਹੈ। ਬੋਰਡ ਵਲੋਂ ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਪ੍ਰਚਲਿਤ ਮੌਜੂਦਾ ਵਜੀਫਾ ਸਕੀਮ ਵਿੱਚ ਸੋਧ ਕਰਦੇ ਹੋਏ, ਲੜਕਿਆਂ ਅਤੇ ਲੜਕੀਆਂ ਲਈ ਵਜੀਫੇ ਦੀਆਂ ਦਰਾਂ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤੀਆਂ ਗਈਆਂ ਹਨ:–

ਲੜੀ ਨੰ	**ਕਲਾਸ**	**ਵਜੀਫੇ ਦੀ ਦਰ**		
		ਮੌਜੂਦਾ ਵਜੀਫੇ ਦੀ ਕੁਲ ਰਕਮ ਪ੍ਰਤੀ ਸਾਲ	**ਤਜਵੀਜਤ ਰਕਮ ਪ੍ਰਤੀ ਸਾਲ**	
			ਲੜਕਿਆਂ ਲਈ	**ਲੜਕੀਆਂ ਲਈ**
1.	ਪਹਿਲੀ **ਕਲਾਸ** ਤੋਂ ਪੰਜਵੀ ਕਲਾਸ ਤੱਕ	2,800/–	3,000/–	4000/–
2.	ਛੇਵੀਂ ਕਲਾਸ ਤੋਂ ਅਠਵੀ ਕਲਾਸ ਲਈ	4,000/–	5,000/–	7000/–

3.	9ਵੀਂ, 10ਵੀਂ,	6,000/-	10,000/-	13000/-
4.	+1 ਅਤੇ +2	6,000/-	20,000/-	25000/-
5.	ੳ) ਕਾਲਜ ਵਿਦਿਆਰਥੀ (ਹਰ ਤਰਾਂ ਦੀ ਗਰੈਜੁਏਸ਼ਨ/ਪੋਸਟ ਗਰੈਜੂਏਸ਼ਨ) ਅ)ਆਈ.ਟੀ.ਆਈ/ਪਾਲੀਟੈਕਨਿਕ ਵਿਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ,ਏ.ਐਨ.ਐਮ/ ਜੀ.ਐਨ.ਐਮ ਕੋਰਸ	19,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 34,000/-)**	25,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 40,000/-)**	30,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦੀ ਹੈ ਤਾਂ ਕੁੱਲ 45,000/-)**
6.	ਮੈਡੀਕਲ/ਇੰਜੀਨੀਅਰਿੰਗ ਹਰ ਤਰਾਂ ਦੀ ਮੈਡਿਕਲ/ਇੰਜੀਨੀਅਰਿੰਗ ਡਿਗਰੀ	38,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 58,000/-)**	40,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 60,000/-)**	50,000/- **(ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦੀ ਹੈ ਤਾਂ ਕੁੱਲ 70,000/-)**

ਬੋਰਡ ਵਲੋਂ ਇਹ ਵੀ ਫੈਸਲਾ ਲਿਆ ਗਿਆ ਕਿ ਇਸ ਸਕੀਮ ਅਧੀਨ ਵਜੀਫਾ ਦੇਣ ਦੀਆਂ ਸ਼ਰਤਾਂ ਪਹਿਲਾਂ ਪ੍ਰਵਾਨਤ ਸਕੀਮ ਵਾਲੀਆਂ ਹੀ ਰਹਿਣਗੀਆਂ ਅਤੇ ਵੱਧੇ ਹੋਏ ਰੇਟ ਮਿਤੀ 1.4.2016 ਤੋਂ ਲਾਗੂ ਹੋਣਗੇ।

ਸਪਲੀਮੈਂਟਰੀ ਅਜੰਡਾ ਆਈਟਮ ਨੰ: 2 **ਉਸਾਰੀ ਕਿਰਤੀ ਜਾਂ ਉਸਦੇ ਪਰੀਵਾਰਕ ਮੈਂਬਰ ਦੀ ਮੌਤ ਹੋਣ ਉਪਰੰਤ ਪੰਜਾਬ ਰਾਜ ਵਿਚ ਦਾਹ-ਸੰਸਕਾਰ ਅਤੇ ਅੰਤਿਮ ਕ੍ਰਿਆ-ਕ੍ਰਮ ਦੇ ਖਰਚੇ ਲਈ ਵਿੱਤੀ ਸਹਾਇਤਾ ਸਕੀਮ ਵਿੱਚ ਸੋਧ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਉਸਾਰੀ ਕਿਰਤੀ ਜਾਂ ਉਸਦੇ ਪ੍ਰੀਵਾਰਕ ਮੈਂਬਰ ਦੀ ਮੌਤ ਹੋਣ ਉਪਰੰਤ ਪੰਜਾਬ ਰਾਜ ਵਿੱਚ ਦਾਹ ਸੰਸਕਾਰ ਅਤੇ ਅੰਤਿਮ ਕ੍ਰਿਆ ਕ੍ਰਮ ਦੇ ਖਰਚੇ ਲਈ ਨਿਰਧਾਰਤ 10,000/- ਰੁਪਏ ਦੀ ਵਿਤੀ ਸਹਾਇਤਾ ਨੂੰ ਵਧਾਕੇ 20,000/- ਰੁਪਏ ਕਰਨ ਦੀ ਪ੍ਰਵਾਨਗੀ ਦਿਤੀ ਗਈ ਅਤੇ ਇਹ ਵੀ ਫੈਸਲਾ ਲਿਆ ਗਿਆ ਕਿ ਸਕੀਮ ਦੀਆਂ ਬਾਕੀਆਂ ਸ਼ਰਤਾਂ ਪਹਿਲਾਂ ਪ੍ਰਵਾਨਤ ਸਕੀਮ ਅਨੁਸਾਰ ਹੀ ਰਹਿਣਗੀਆਂ।

ਸਪਲੀਮੈਂਟਰੀ ਅਜੰਡਾ ਆਈਟਮ ਨੰ: 3 **ਮਲਟੀ ਸਕਿਲ ਡਿਵੈਲਪਮੈਂਟ ਸੈਟਰਾਂ ਦੀ ਉਸਾਰੀ ਕੀਮਤ ਦੇ ਨਾਲ-ਨਾਲ ਹੋਸਟਲਾਂ ਦੀ ਉਸਾਰੀ ਤੇ ਹੋਣ ਵਾਲੇ ਖਰਚੇ ਦੀ ਅਦਾਇਗੀ ਸਬੰਧੀ।**

ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪ੍ਰੀਵਾਰਾਂ ਦੀ ਭਲਾਈ ਹਿੱਤ ਸਕਿਲ ਡਿਵੈਲਪਮੈਂਟ ਨੂੰ ਮੁੱਖ ਰੱਖਦੇ ਹੋਏ ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਆਪਣੀ 14ਵੀਂ ਮੀਟਿੰਗ ਮਿਤੀ 27.8.2014 ਵਿੱਚ ਲਏ ਫੈਸਲੇ ਮੁਤਾਬਕ ਮਲਟੀ ਸਕਿਲ ਡਿਵੈਲਪਮੈਂਟ ਸੈਂਟਰ ਲੁਧਿਆਣਾ ਵਾਂਗ ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਦੁਆਰਾ ਰਾਜ ਦੇ ਚਾਰ ਹੋਰ ਜਿਲ੍ਹਿਆਂ ਅੰਮ੍ਰਿਤਸਰ, ਬਠਿੰਡਾ, ਹੁਸ਼ਿਆਰਪੁਰ ਅਤੇ ਜਲੰਧਰ ਵਿਖੇ ਬਣਾਏ ਜਾ ਰਹੇ ਮਲਟੀ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਅਤੇ ਇਨ੍ਹਾਂ ਪੰਜ ਸੈਟਰਾਂ ਨਾਲ ਸਬੰਧਤ ਹੋਸਟਲਾਂ ਦੀ ਉਸਾਰੀ ਸਬੰਧੀ ਹੋਣ ਵਾਲੇ

ਖਰਚੇ ਦੀ 25% ਰਾਸ਼ੀ ਬੋਰਡ ਵਲੋਂ ਪਹਿਲਾਂ ਨਿਰਧਾਰਤ ਸ਼ਰਤਾਂ, ਜਿਨ੍ਹਾਂ ਦਾ ਵੇਰਵਾ ਹੇਠਾਂ ਦਿਤਾ ਗਿਆ ਹੈ, ਅਨੁਸਾਰ ਅਦਾ ਕਰਨ ਦੀ ਪ੍ਰਵਾਨਗੀ ਦਿਤੀ ਗਈ:-

1. ਮਲਟੀ ਸਕਿਲ ਡਿਵੈਲਪਮੈਂਟ ਸੈਂਟਰ ਲੁਧਿਆਣਾ ਵਾਂਗ ਅੰਮ੍ਰਿਤਸਰ, ਬਠਿੰਡਾ, ਹੁਸ਼ਿਆਰਪੁਰ ਅਤੇ ਜਲੰਧਰ ਵਿਖੇ ਉਸਾਰੇ ਜਾਣ ਵਾਲੇ ਸੈਂਟਰਾਂ ਦੀ estimated cost ਦੀ 25% ਰਾਸ਼ੀ ਬੋਰਡ ਵਲੋਂ ਮੁਹੱਈਆ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਇਨ੍ਹਾਂ ਪੰਜ ਸੈਂਟਰਾਂ ਨਾਲ ਸਬੰਧਤ ਹੋਸਟਲਾਂ ਦੀ ਉਸਾਰੀ ਸਬੰਧੀ ਹੋਣ ਵਾਲੇ ਖਰਚੇ ਦੀ 25% ਰਾਸ਼ੀ ਵੀ ਬੋਰਡ ਵਲੋਂ ਅਦਾ ਕੀਤੀ ਜਾਵੇਗੀ। ਬੋਰਡ ਵਲੋਂ ਦਿਤੀ ਜਾਣ ਵਾਲੀ ਇਹ ਰਾਸ਼ੀ ਬਤੌਰ ਗ੍ਰਾਂਟ ਨਹੀਂ ਹੋਵੇਗੀ ਬਲਕਿ ਮਲਟੀ ਸਕਿਲ ਡਿਵੈਲਪਮੈਂਟ ਸੈਂਟਰ ਵਿੱਚ ਬੋਰਡ ਦੀ ਹਿੱਸੇਦਾਰੀ (co-ownership) ਵਜੋਂ ਦਿਤੀ ਜਾਵੇਗੀ।

2. ਇਹ ਰਾਸ਼ੀ ਹਰੇਕ ਸੈਂਟਰ ਦੀ ਸਿਵਿਲ ਕੰਸਟਰਕਸ਼ਨ ਦੀਆਂ ਵੱਖ-ਵੱਖ ਸਟੇਜਾ ਨਾਲ ਲਿੰਕ ਹੋਵੇਗੀ ਜੋ ਹੇਠ ਲਿਖੇ ਅਨੁਸਾਰ ਹੈ:-

(i)	ਪਲਿੰਥ ਲੈਵਲ ਪੂਰਾ ਹੋਣ ਤੇ	2 ਕਰੋੜ
(ii)	ਪਹਿਲੀ ਮੰਜਿਲ ਦੀ ਛੱਤ ਪੈਣ ਤੇ	3 ਕਰੋੜ
(iii)	ਦੂਜੀ ਮੰਜਿਲ ਦੀ ਛੱਤ ਪੈਣ ਤੇ	5 ਕਰੋੜ
(iv)	ਬਿਲਡਿੰਗ ਦੀ ਪੂਰੀ ਤਿਆਰੀ ਉਪਰੰਤ	5 ਕਰੋੜ

ਕਿਉਂਕਿ ਬੋਰਡ ਵਲੋਂ ਲੜੀ ਨੰ: 1 ਅਨੁਸਾਰ 25% ਰਾਸ਼ੀ ਦਿਤੀ ਜਾਣੀ ਹੈ, ਇਸ ਲਈ ਲੜੀ ਨੰ: 2 ਮੁਤਾਬਕ ਵੱਖ-ਵੱਖ ਸਟੇਜਾ ਤੇ ਬੋਰਡ ਵਲੋਂ ਰਾਸ਼ੀ ਉਦੋਂ ਹੀ ਦਿਤੀ ਜਾਵੇ ਜਦ ਕਿ ਤਕਨੀਕੀ ਸਿਖਿਆ ਵਿਭਾਗ ਵਲੋਂ ਹਰ ਇਕ ਸਟੇਜ ਤੇ ਅਪਣੇ ਹਿੱਸੇ ਦੀ 75% ਰਾਸ਼ੀ ਖਰਚ ਕਰ ਲਈ ਗਈ ਹੋਵੇ।

3. ਬਿਲਡਿੰਗ ਦੀ ਉਸਾਰੀ ਸਬੰਧੀ ਰਿਪੋਟ ਕਿਸੇ ਸਿਆਣੇ ਆਰਕੀਟੈਕਟ ਪਾਸੋਂ ਲਈ ਜਾਵੇ।
4. ਹਰੇਕ ਰਾਸ਼ੀ ਦੀ ਅਦਾਇਗੀ ਪਹਿਲਾਂ ਦਿਤੀ ਗਈ ਰਾਸ਼ੀ ਦਾ utilization certificate ਪ੍ਰਾਪਤ ਹੋਣ ਤੇ ਅਤੇ ਬੋਰਡ ਵਲੋਂ ਰੱਖੇ ਗਏ ਆਰਕੀਟੈਕਟ ਪਾਸੋਂ ਉਸ utilization certificate ਦੀ ਪੁਸ਼ਟੀ ਹੋਣ ਤੇ ਹੀ ਕੀਤੀ ਜਾਵੇ।
5. ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਸਕਿਲ ਅਪਗ੍ਰੇਡੇਸ਼ਨ ਐਂਡ ਵੋਕੇਸ਼ਨਲ ਐਜੂਕੇਸ਼ਨ ਦੀ ਟ੍ਰੇਨਿੰਗ ਸਬੰਧੀ ਹਰੇਕ session ਲਈ ਰਜਿਸਟਰਡ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਸਕਿਲ ਡਿਵੈਲਪਮੈਂਟ ਦਾ ਕੋਟਾ ਨਿਸ਼ਚਿਤ ਕੀਤਾ ਜਾਵੇ ਜੋ ਕਿ ਕੁੱਲ ਟ੍ਰੇਨਿੰਗ capacity ਦਾ ਘੱਟੋ-ਘੱਟ ¼ ਜਰੂਰ ਹੋਣਾ ਚਾਹੀਦਾ ਹੈ।
6. ਜੇਕਰ ਕਿਸੇ session ਵਿਚ ਰਜਿਸਟਰਡ ਉਸਾਰੀ ਕਿਰਤੀਆਂ ਨਾਲ ਸਬੰਧਤ ਸਕਿਲ ਅਪਗ੍ਰੇਡੇਸ਼ਨ ਐਂਡ ਵੋਕੇਸ਼ਨਲ ਐਜੂਕੇਸ਼ਨ ਲਈ sufficient ਵਿਦਿਆਰਥੀ ਨਹੀਂ ਮਿਲਦੇ ਹਨ, ਤਾਂ ਉਨ੍ਹਾਂ ਦਾ ਕੋਟਾ ਅਗਲੇ ਸਾਲ ਲਈ carry forward ਕੀਤਾ ਜਾਵੇ।
7. ਜੇਕਰ ਰਜਿਸਟਰਡ ਉਸਾਰੀ ਕਿਰਤੀ ਅਤੇ ਉਨ੍ਹਾਂ ਦੇ ਬੱਚਿਆਂ ਵਲੋਂ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਲਈ ਕੋਈ ਟ੍ਰੇਨਿੰਗ ਲਈ ਜਾਂਦੀ ਹੈ ਤਾਂ ਅਜਿਹੇ ਕੇਸਾਂ ਵਿਚ ਉਨ੍ਹਾਂ ਨੂੰ ਬੋਰਡ ਵਲੋਂ ਉਸ ਵੇਲੇ ਦੀ ਸਕਿਲ ਡਿਵੈਲਪਮੈਂਟ ਸਕੀਮ ਅਧੀਨ ਜੋ ਵੀ ਲਾਭ ਹੋਣ ਉਹ ਮੁਹੱਈਆ ਕਰਵਾਏ ਜਾਣਗੇ।
8. ਜੋ institution ਦੇ administrative expenses ਹੋਣ ਉਸਦਾ 25% ਖਰਚਾ ਬੋਰਡ ਵਲੋਂ ਦਿਤਾ ਜਾਵੇਗਾ।
9. ਸਿਵਲ ਰਿਟ ਪਟੀਸ਼ਨ ਨੰ: 318 ਆਫ 2006 ਵਿਚ ਕੰਟੈਪਟ ਪਟੀਸ਼ਨ ਨੰ: 41-44 ਆਫ 2011 ਦਾ ਨਿਪਟਾਰਾ ਕਰਦੇ ਹੋਏ ਮਾਨਯੋਗ ਸੁਪਰੀਮ ਕੋਰਟ ਵਲੋਂ ਅਪਣੇ ਹੁਕਮ ਮਿਤੀ 7.2.2012 ਵਿਚ ਇਹ ਨਿਰਦੇਸ਼ ਦਿਤੇ ਗਏ ਹਨ ਕਿ:-

> **"Funds available with the welfare Boards shall not be utilized by the State for any other head of expenditure of the State Government."**

ਮਾਨਯੋਗ ਸੁਪਰੀਮ ਕੋਰਟ ਵਲੋਂ ਦਿਤੇ ਉਪਰੋਕਤ ਨਿਰਦੇਸ਼ਾ ਨੂੰ ਮੁੱਖ ਰੁਖਦੇ ਹੋਏ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਹ ਸਾਰਾ ਖਰਚਾ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਅਧੀਨ ਹੀ ਕੀਤਾ ਜਾਵੇਗਾ ਅਤੇ ਸਰਕਾਰ ਦੇ ਕਿਸੇ ਹੋਰ **'ਹੈਡ ਆਫ ਐਕਸਪੈਂਡੀਚਰ'** ਲਈ ਇਸ ਦੀ ਵਰਤੋਂ ਨਹੀਂ ਕੀਤੀ ਜਾਵੇਗੀ ਤਾਂ ਜੋ ਮਾਨਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਨਾ ਯਕੀਨੀ ਬਣਾਈ ਜਾ ਸਕੇ।

10. ਉਪਰੋਕਤ ਸ਼ਰਤਾਂ ਅਨੁਸਾਰ ਰਾਸ਼ੀ ਰਿਲੀਜ਼ ਕਰਨ ਤੋਂ ਪਹਿਲਾਂ ਬੋਰਡ ਵਲੋਂ ਸਬੰਧਤ ਵਿਭਾਗ ਨਾਲ ਬਕਾਇਦਾ ਇਕ ਐਮ.ਓ.ਯੂ ਹਸਤਾਖਰ ਕੀਤਾ ਜਾਵੇ, ਜਿਸ ਵਿੱਚ ਬੋਰਡ ਨੂੰ ਮਲਟੀ ਸਕਿਲ ਡਿਵੈਲਪਮੈਂਟ ਸੈਂਟਰ ਦੀ 1/4th ਹਿੱਸੇਦਾਰੀ ਦੀ ਮਾਨਤਾ ਦਿੰਦੇ ਹੋਏ, ਇਸ ਵਿੱਚ ਬੋਰਡ ਨੂੰ Co-owner ਮੰਨਣ ਲਈ ਸਪਸ਼ਟ ਜਿਕਰ ਕੀਤਾ ਜਾਵੇ। ਇਹ ਐਮ.ਓ.ਯੂ ਹਸਤਾਖਰ ਕਰਨ ਲਈ ਸਕੱਤਰ ਬੋਰਡ ਸਮਰਥ ਅਧਿਕਾਰੀ ਹੋਣਗੇ।

ਸਪਲੀਮੈਂਟਰੀ ਅਜੰਡਾ ਆਈਟਮ ਨੰ: 4 **ਬੋਰਡ ਦੇ ਸਦਰ ਦਫਤਰ ਅਤੇ ਸਹਾਇਕ ਕਿਰਤ ਕਮਿਸ਼ਨਰ ਪਟਿਆਲਾ ਦੇ ਦਫਤਰ ਵਿੱਚ ਸੇਵਾਦਾਰ ਦੀ ਅਸਾਮੀ ਸ਼ਿਫਟ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਸੇਵਾਦਾਰ ਦੀਆਂ ਦੋ ਅਸਾਮੀਆਂ ਹੇਠ ਲਿਖੇ ਅਨੁਸਾਰ ਸ਼ਿਫਟ ਕਰਨ ਦੀ ਪ੍ਰਵਾਨਗੀ ਦਿਤੀ ਗਈ:-

ੳ) ਸਹਾਇਕ ਕਿਰਤ ਕਮਿਸ਼ਨਰ ਬਠਿੰਡਾ ਦੇ ਦਫਤਰ ਵਿੱਚ ਬੋਰਡ ਵਲੋਂ ਮੁਹੱਈਆ ਕਰਵਾਏ ਸੇਵਾਦਾਰ ਦੀ ਅਸਾਮੀ ਸਮੇਤ ਮੌਜੂਦਾ ਕਰਮਚਾਰੀ ਨੂੰ ਬੋਰਡ ਦੇ ਸਦਰ ਦਫਤਰ ਚੰਡੀਗੜ੍ਹ ਵਿੱਖੇ ਸ਼ਿਫਟ ਕਰ ਲਿਆ ਜਾਵੇ।

ਅ) ਸਹਾਇਕ ਕਿਰਤ ਕਮਿਸ਼ਨਰ ਮੋਗਾ ਦੇ ਦਫਤਰ ਵਿੱਚ ਬੋਰਡ ਵਲੋਂ ਮੁਹੱਈਆ ਕਰਵਾਈ ਸੇਵਾਦਾਰ ਦੀ ਇਕ ਅਸਾਮੀ ਸਮੇਤ ਮੌਜੂਦਾ ਜੂਨੀਅਰ ਕਰਮਚਾਰੀ ਨੂੰ ਸਹਾਇਕ ਕਿਰਤ ਕਮਿਸ਼ਨਰ ਪਟਿਆਲਾ ਦੇ ਦਫਤਰ ਵਿੱਚ ਸ਼ਿਫਟ ਕਰ ਲਿਆ ਜਾਵੇ।

ਸਪਲੀਮੈਂਟਰੀ ਅਜੰਡਾ ਆਈਟਮ ਨੰ: 5 **ਪੰਜਾਬ ਬੀ.ਓ.ਸੀ.ਡਬਲਿਯੂ ਬੋਰਡ ਵਿੱਚ ਲੀਗਲ ਸਹਾਇਕ ਰੱਖਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਤਜਵੀਜ ਅਨੁਸਾਰ ਸ੍ਰੀ ਅਮਨ ਸ਼ਰਮਾ, ਐਡਵੋਕੇਟ, ਮਕਾਨ ਨੰ: 3147, ਸੈਕਟਰ 23-ਡੀ, ਚੰਡੀਗੜ੍ਹ ਨੂੰ ਬੋਰਡ ਵਿੱਚ ਬਤੌਰ ਲੀਗਲ ਰੀਟੇਨਰ ਉੱਕਾ ਪੁੱਕਾ 15000/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਠੇਕੇ ਤੇ ਰੱਖਣ ਦੀ ਪ੍ਰਵਾਨਗੀ ਦਿਤੀ ਗਈ।

ਇਸ ਤੋਂ ਇਲਾਵਾ ਉੱਚ ਅਦਾਲਤਾਂ ਵਿੱਚ ਬੋਰਡ ਨਾਲ ਸਬੰਧਤ ਕੇਸਾਂ ਦੀ ਪੈਰਵਾਈ ਲਈ ਬੋਰਡ ਵਲੋਂ ਪੰਜ ਉੱਘੇ ਵਕੀਲਾਂ ਦੇ ਪੈਨਲ ਦਾ ਗਠਨ ਕਰਨ ਅਤੇ ਪੈਨਲ ਦੇ ਕਿਸੇ ਇਕ ਵਕੀਲ ਨੂੰ ਨਿਯੁਕਤ ਕਰਨ ਲਈ ਸਕੱਤਰ ਬੋਰਡ ਨੂੰ ਅਧਿਕਾਰਤ ਕਰਨ ਦੀ ਪ੍ਰਵਾਨਗੀ ਦਿਤੀ ਗਈ। ਇਹ ਵੀ ਫੈਸਲਾ ਲਿਆ ਗਿਆ ਕਿ ਅਜਿਹੇ ਕੇਸਾਂ ਦੇ ਸਬੰਧ ਵਿੱਚ ਵਕੀਲ ਨੂੰ ਦਿਤੀ ਜਾਣ ਵਾਲੀ ਫੀਸ ਦੀ ਰਾਸ਼ੀ ਦੇਣ ਸਬੰਧੀ ਮੌਕੇ-ਮੌਕੇ ਤੇ ਬੋਰਡ ਦੇ ਮਾਨਯੋਗ ਚੇਅਰਮੈਨ ਪਾਸੋਂ ਪ੍ਰਵਾਨਗੀ ਲਈ ਜਾਵੇਗੀ।

ਜਨਰਲ

ਮੀਟਿੰਗ ਦੌਰਾਨ ਸਲਾਹਕਾਰ ਬੋਰਡ ਵਲੋਂ ਇਹ ਗੱਲ ਧਿਆਨ ਵਿੱਚ ਲਿਆਂਦੀ ਗਈ ਕਿ ਮਿਤੀ 24.6.2015 ਨੂੰ ਹੋਈ 17ਵੀਂ ਮੀਟਿੰਗ ਦੀ ਅਜੰਡਾ ਆਈਟਮ ਨੰ: 12 ਤੇ ਵਿਚਾਰ ਵਟਾਂਦਰੇ ਦੌਰਾਨ ਬੋਰਡ ਵਲੋਂ ਸਿਹਤ ਵਿਭਾਗ ਦੁਆਰਾ ਸਲਮ ਏਰੀਆ ਵਿੱਚ ਚਲਾਏ ਜਾ ਰਹੇ 21 ਸ਼ਹਿਰੀ ਪ੍ਰਾਈਮਰੀ ਸਿਹਤ ਸੈਂਟਰਾਂ ਦੇ ਕੰਮ-ਕਾਜ ਨੂੰ ਹੋਰ ਅਸਰਦਾਰ ਬਨਾਉਣ ਲਈ ਬੋਰਡ ਵਲੋਂ ਵਿੱਤੀ ਸਹਾਇਤਾ ਦੇਣ ਸਬੰਧੀ ਸਿਧਾਂਤਕ ਮੰਜ਼ੂਰੀ ਦਿਤੀ ਗਈ ਸੀ। ਇਸ ਲਈ ਇਹ ਫੈਸਲਾ ਲੈਣ ਦੀ ਲੋੜ ਹੈ ਕਿ ਅਜਿਹੇ ਪ੍ਰਾਈਮਰੀ ਸੈਂਟਰਾਂ ਨੂੰ ਕਿੰਨੀ ਰਾਸ਼ੀ ਦਿਤੀ ਜਾਣੀ ਚਾਹੀਦੀ ਹੈ। ਇਸ ਮੁੱਦੇ ਤੇ ਵਿਚਾਰ ਵਟਾਂਦਰੇ ਦੌਰਾਨ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਦੱਸਿਆ ਗਿਆ ਕਿ ਅਜਿਹੇ ਹੈਲਥ ਸੈਂਟਰ ਤੇ ਤਕਰੀਬਨ 20,000/- ਰੁਪਏ ਪ੍ਰਤੀ ਮਹੀਨੇ ਦਾ ਖਰਚਾ ਆਉਂਦਾ ਹੈ। ਇਸ ਸਬੰਧੀ ਬੋਰਡ ਵਲੋਂ ਸਰਵ-ਸੰਮਤੀ ਨਾਲ ਵਿਚਾਰ ਵਟਾਂਦਰੇ ਉਪਰੰਤ ਅਜਿਹੇ ਸਲਮ ਏਰੀਏ ਜਿਥੇ ਉਸਾਰੀ ਕਿਰਤੀਆਂ ਦੀ ਤਾਦਾਦ ਜਿਆਦਾ ਹੈ, ਵਿਖੇ ਸਿਹਤ ਵਿਭਾਗ ਵਲੋਂ ਸਥਾਪਿਤ ਕੀਤੇ ਗਏ 21 Kiosks ਨੂੰ operational and maintenance ਲਈ 20,000/- ਰੁਪਏ ਪ੍ਰਤੀ ਮਹੀਨਾ ਪ੍ਰਤੀ Kiosks ਦਾ ਖਰਚਾ

ਸਹਾਇਤਾ ਵਜੋਂ ਦੇਣ ਦੀ ਪ੍ਰਵਾਨਗੀ ਦਿਤੀ ਗਈ ਅਤੇ ਇਸ ਮੰਤਵ ਲਈ ਨੈਸ਼ਨਲ ਅਰਬਨ ਹੈਲਥ ਮਿਸ਼ਨ ਪੰਜਾਬ ਨਾਲ MoU ਕਰਨ ਲਈ ਸਕੱਤਰ ਬੋਰਡ ਨੂੰ ਅਧਿਕਾਰਤ ਕੀਤਾ ਗਿਆ।

ਮੌਕੇ ਤੇ ਸਲਾਹਕਾਰ ਵਲੋਂ ਇਹ ਵੀ ਦੱਸਿਆ ਗਿਆ ਕਿ ਬੋਰਡ ਵਲੋਂ ਨਿਰਮਾਣ ਕਾਰਜਾਂ ਵਿੱਚ ਕੰਮ ਕਰਦੇ ਰਜਿਸਟਰਡ ਲਾਭਪਾਤਰੀਆਂ ਦੀ ਬਿਮਾਰੀਆਂ ਦੇ ਟੈਸਟ ਕਰਨ ਲਈ ਫੈਕਟਰੀ ਡਾਇਰੈਕਟੋਰੇਟ ਦੇ ਸਹਿਯੋਗ ਨਾਲ **ਮੋਬਾਈਲ ਵੈਨ ਸਕੀਮ** ਚਲਾਈ ਜਾ ਰਹੀ ਹੈ। ਇਹ ਮਹਿਸੂਸ ਕੀਤਾ ਗਿਆ ਹੈ ਕਿ ਫੈਕਟਰੀ ਡਾਇਰੈਕਟੋਰੇਟ ਪਾਸ ਕੇਵਲ ਇਕ ਹੀ ਮੋਬਾਈਲ ਵੈਨ ਹੈ ਜਦਕਿ ਉਨ੍ਹਾਂ ਪਾਸ ਸਿਹਤ ਵਿਭਾਗ ਦੇ 3 ਸਹਾਇਕ ਡਾਇਰੈਕਟਰ ਆਫ ਫੈਕਟਰੀਜ਼ (ਮੈਡੀਕਲ) ਡੈਪੂਟੇਸ਼ਨ ਤੇ ਕੰਮ ਕਰਦੇ ਹਨ। ਇਕ ਮੋਬਾਈਲ ਵੈਨ ਨਾਲ 3 ਮੈਡੀਕਲ ਅਧਿਕਾਰੀਆਂ ਨੂੰ ਰਾਜ ਵਿੱਚ ਸਾਰੀ ਕੰਸਟਰਕਸ਼ਨ ਸਾਈਟਾਂ ਨੂੰ ਕਵਰ ਕਰਨਾ ਸੰਭਵ ਨਹੀਂ ਜਾਪਦਾ। ਇਸ ਲਈ ਸਲਾਹਕਾਰ ਵਲੋਂ ਸੁਝਾਅ ਦਿਤਾ ਗਿਆ ਕਿ ਇਸ ਮੋਬਾਈਲ ਵੈਨ ਸਕੀਮ ਨੂੰ ਹੋਰ ਅਸਰਦਾਰ ਬਨਾਉਣ ਲਈ ਬੋਰਡ ਵਲੋਂ ਇਕ ਆਪਣੀ ਮੋਬਾਈਲ ਵੈਨ ਖ਼੍ਰੀਦ ਲੈਣੀ ਚਾਹੀਦੀ ਹੈ ਅਤੇ ਇਸ ਵੈਨ ਲਈ ਲੋੜੀਂਦਾ ਸਟਾਫ ਭਾਵ ਡਰਾਈਵਰ, ਕੰਮਪਾਊਂਡਰ ਨਿਯੁਕਤ ਕਰਨ ਅਤੇ ਹੋਰ ਜਰੂਰੀ medical equipment ਲੈਣੇ ਯੋਗ ਹੋਣਗੇ। ਬੋਰਡ ਵਲੋਂ ਮੋਬਾਈਲ ਲੈਬ ਸਕੀਮ ਦੀ ਕਾਰਜਸ਼ੈਲੀ ਨੂੰ ਅਸਰਦਾਰ ਬਨਾਉਣ ਲਈ ਬੋਰਡ ਵਲੋਂ ਇਕ ਮੋਬਾਈਲ ਵੈਨ ਦੀ ਖ਼੍ਰੀਦ ਕਰਨ ਅਤੇ ਲੋੜੀਂਦਾ ਸਟਾਫ/ equipment ਮੁਹਈਆ ਕਰਵਾਉਣ ਦੀ ਪ੍ਰਵਾਨਗੀ ਦਿਤੀ ਗਈ।

ਮਾਨਯੋਗ ਚੈਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਮੀਟਿੰਗ ਸਮਾਪਤ ਹੋਈ।